**HARI CHAND**
**ADVOCATE**
ਹਰੀ ਚੰਦ
ਵਕੀਲ
**PUNJAB & HARYANA HIGH COURT**
ਪੰਜਾਬ ਅਤੇ ਹਰਿਆਣਾ ਹਾਈ ਕੋਰਟ
H. NO. 2299,
SECTOR 44-C, CHANDIGARH-160045

ਮੋਬਾਈਲ: 9814013764

**EMAIL ID** : ਈ ਮੇਲ ਆਈ ਡੀ
hcarora.highcourt@gmail.com

ਮਕਾਨ ਨੰਬਰ -**2299**
ਸੈਕਟਰ **44**- ਸੀ
ਚੰਡੀਗੜ੍ਹ 160045

DATED: 17.6.2019

ਵੱਲ:

ਮਾਨਯੋਗ ਚੇਅਰਮੈਨ ਸਾਹਿਬ,
ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ,
ਪਟਿਆਲਾ
E-mail: cmd-pspcl@pspcl.in

ਵਿਸ਼ਾ: ਪੰਜਾਬ ਅਧਿਕਾਰਤ ਭਾਸ਼ਾ (ਸੋਧ) ਕਾਨੂੰਨ, 2008 ਦੀ ਉਲੰਘਣਾਂ ਵਿਰੁੱਧ ਨੋਟਸ- ਬਿਜਲੀ ਦੇ ਬਿੱਲ ਪੰਜਾਬੀ ਭਾਸ਼ਾ ਵਿਚ ਨਾਂ ਜਾਰੀ ਕਰਨ ਦੇ ਵਿਰੋਧ ਵਿਚ !

ਸ਼ਿਰੀ ਮਾਨ ਜੀ,

ਪੰਜਾਬੀ ਪ੍ਰੇਮੀ ਸੰਸਥਾਵਾਂ,ਅਤੇ ਮੇਰੇ ਵਲੋਂ ਕਾਨੂੰਨੀ ਨੋਟਸ ਭੇਜਣ ਦੇ ਬਾਵਜ਼ੂਦ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਵਲੋਂ ਖਪਤਕਾਰਾਂ ਨੂੰ ਅੰਗਰੇਜ਼ੀ ਵਿਚ ਬਿਜਲੀ ਦੇ ਬਿੱਲ ਜਾਰੀ ਕਰਨਾ ਅਜੇ ਵੀ ਜਾਰੀ ਹੈ ! ਇਹ ਪੰਜਾਬ ਅਧਿਕਾਰਤ ਭਾਸ਼ਾ (ਸੋਧ) ਕਾਨੂੰਨ, 2008 ਦੀ ਧਾਰਾ 3(ਬੀ) ਦੀ ਘੋਰ ਉਲੰਘਣਾਂ ਹੀ ਨਹੀਂ, ਬਲਕਿ ਸੂਚਨਾ ਅਧਿਕਾਰ ਕਾਨੂੰਨ, 2005 ਦੀ ਮੂਲ ਭਾਵਨਾ ਦੇ ਵੀ ਵਿਰੁੱਧ ਹੈ, ਕਿਓਂਕੇ ਅਜਿਹੀ ਭਾਸ਼ਾ ਵਿਚ ਖਪਤਕਾਰਾਂ ਨੂੰ ਬਿੱਲ ਜਾਰੀ ਕੀਤੇ ਜਾ ਰਹੇ ਹਨ, ਜਿਸ ਨੂੰ ਉਹ ਸਮਝ ਨਹੀਂ ਸਕਦੇ !

ਮੈ ਇਕ ਵਾਰੀ ਫਿਰ ਤੁਹਾਨੂੰ ਬੇਨਤੀ ਕਰਾਂਗਾ ਕਿ ਖਪਤਕਾਰਾਂ ਨੂੰ ਬਿਜਲੀ ਦੇ ਬਿੱਲ ਪੰਜਾਬੀ ਵਿਚ ਹੀ ਜਾਰੀ ਕੀਤੇ ਜਾਣ ! ਜੇਕਰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਇਕ ਮਹੀਨੇ ਦੇ ਅੰਦਰ ਅੰਦਰ ਅਜਿਹਾ ਨਹੀਂ ਕਰਦੀ ਤਾਂ ਮੈਨੂੰ ਮਜ਼ਬੂਰਨ ਆਪਣੀ ਮੰਗ ਨੂੰ ਮਨਵਾਉਣ ਲਈ ਕਾਨੂੰਨੀ ਕਾਰਵਾਈ ਕਰਨੀ ਪਵੇਗੀ !

ਇਸ ਨੋਟਸ ਦੇ ਮਿਲਣ ਦੀ ਸੂਚਨਾ ਵੀ ਦਿੱਤੀ ਜਾਵੇ ਜੀ !

(ਹਰੀ ਚੰਦ)
ਵਕੀਲ